# 28th ASEAN Regional Forum Ministerial Meeting

August 06, 2021

……………………………………………………………………………………………..

## ਆਸੀਆਨ ਖੇਤਰੀ ਫੋਰਮ ਦੀ 28ਵੀਂ ਮੰਤਰੀ ਪੱਧਰੀ ਬੈਠਕ

6 ਅਗਸਤ, 2021

ਵਿਦੇਸ਼ ਰਾਜ ਮੰਤਰੀ ਡਾ. ਰਾਜਕੁਮਾਰ ਰੰਜਨ ਸਿੰਘ ਨੇ 6 ਅਗਸਤ ਨੂੰ ਆਸੀਆਨ ਖੇਤਰੀ ਫੋਰਮ (ARF) ਦੇ ਵਿਦੇਸ਼ ਮੰਤਰੀਆਂ ਦੀ 28ਵੀਂ ਵਰਚੁਅਲ ਬੈਠਕ ਵਿੱਚ ਭਾਰਤੀ ਵਫ਼ਦ ਦੀ ਅਗਵਾਈ ਕੀਤੀ।

ਇਹ ਬੈਠਕ ਬ੍ਰੂਨੇਈ ਦਾਰੂਸਲਾਮ ਦੀ ਪ੍ਰਧਾਨਗੀ ਹੇਠ ਹੋਈ। ARF ਦੇ ਮੈਂਬਰ ਦੇਸ਼ਾਂ ਨੇ ਅੰਤਰਰਾਸ਼ਟਰੀ ਅਤੇ ਖੇਤਰੀ ਮੁੱਦਿਆਂ ਦੇ ਨਾਲ ਨਾਲ ARF ਦੇ ਭਵਿੱਖ ਦੀ ਦਿਸ਼ਾ ਬਾਰੇ ਵਿਚਾਰ - ਵਟਾਂਦਰੇ ਕੀਤਾ. ਡਾ. ਸਿੰਘ ਨੇ ਭਾਰਤ-ਪ੍ਰਸ਼ਾਂਤ, ਅੱਤਵਾਦ ਦੇ ਖਤਰੇ, ਸਮੁੰਦਰੀ ਖੇਤਰ ਵਿੱਚ UNCLOS ਦੀ ਮਹੱਤਤਾ ਅਤੇ ਸਾਈਬਰ ਸੁਰੱਖਿਆ ਬਾਰੇ ਭਾਰਤ ਦੇ ਨਜ਼ਰੀਏ ਪੇਸ਼ ਕੀਤੇ।

ARF ਮੰਤਰੀਆਂ ਨੇ ਨੌਜਵਾਨੀ, ਸ਼ਾਂਤੀ ਅਤੇ ਸੁਰੱਖਿਆ (YPS) ਏਜੰਡੇ ਨੂੰ ਉਤਸ਼ਾਹਤ ਕਰਨ ਸਬੰਧੀ ਸਾਂਝਾ ਬਿਆਨ ਅੰਗੀਕਾਰ ਕੀਤਾ।

ਭਾਰਤ ਸਮੁੰਦਰੀ ਸੁਰੱਖਿਆ ਬਾਰੇ ARF ਦੀਆਂ ਸਮੁੰਦਰੀ ਸੁਰੱਖਿਆ, ਅੱਤਵਾਦ ਰੋਧ, ਸੂਚਨਾ ਅਤੇ ਸੰਚਾਰ ਤਕਨਾਲੋਜੀ (ICT), ਆਫਤ ਵਿਚ ਰਾਹਤ ਆਦਿ ਗਤੀਵਿਧੀਆਂ ਅਤੇ ਪਹਿਲਕਦਮੀਆਂ ਵਿੱਚ ਸਰਗਰਮੀ ਨਾਲ ਸ਼ਾਮਲ ਹੁੰਦਾ ਹੈ। 2021 ਵਿੱਚ ਭਾਰਤ ਨੇ ਸੰਯੁਕਤ ਰਾਸ਼ਟਰ ਸੰਘ ਦੇ ਸਮੁੰਦਰੀ ਕਾਨੂੰਨ (UNCLOS) ਨੂੰ ਲਾਗੂ ਕਰਨ ਬਾਰੇ ARF ਵਰਕਸ਼ਾਪ ਦੀ ਸਹਿ-ਪ੍ਰਧਾਨਗੀ ਕੀਤੀ। 2021-22 ਦੌਰਾਨ, ਭਾਰਤ ਸਮੁੰਦਰੀ ਸੁਰੱਖਿਆ 'ਤੇ ARF ਇੰਟਰ ਸੈਸ਼ਨਲ ਬੈਠਕ ਦੀ ਸਹਿ-ਪ੍ਰਧਾਨਗੀ ਕਰੇਗਾ ਅਤੇ ਅੰਤਰਰਾਸ਼ਟਰੀ ਜਹਾਜ਼ ਅਤੇ ਪੋਰਟ ਸਹੂਲਤ ਸੁਰੱਖਿਆ ਕੋਡ (ISPS ਕੋਡ) ਬਾਰੇ ਇੱਕ ਕਾਰਜਸ਼ਾਲਾ ਕਰਵਾਏਗਾ।

ਨਵੀਂ ਦਿੱਲੀ
6 ਅਗਸਤ, 2021

DISCLAIMER: This is an approximate translation. The original is available in English on MEA’s website and may be referred to as the official press release.